# THE FIFTH GENERATION CASCADIA®



## ਸੁਰੱਖਿਆ, ਨਫ਼ੇ, ਅਤੇ ਕੁਸ਼ਲਤਾ ਵਿੱਚ ਸਭ ਤੋਂ ਅੱਗੇ

2007 ਤੋਂ, ਇੱਕ ਮਿਲੀਅਨ ਤੋਂ ਵੱਧ Cascadia ਵਿਕ ਚੁੱਕੇ ਹਨ, ਜੋ ਇਸਨੂੰ ਉੱਤਰੀ ਅਮਰੀਕਾ ਦੀਆਂ ਸੜਕਾਂ 'ਤੇ ਸਭ ਤੋਂ ਵੱਧ ਚਲਾਇਆ ਜਾਣ ਵਾਲਾ ਕਲਾਸ 8 ਟਰੱਕ ਬਣਾਉਂਦਾ ਹੈ। Cascadia ਸੁਰੱਖਿਆ, ਨਫ਼ੇ ਅਤੇ ਕੁਸ਼ਲਤਾ ਲਈ ਨਵੇਂ ਮਿਆਰ ਬਣਾਉਂਦੇ ਹੋਏ ਆਪਣੀ ਵਿਰਾਸਤ ਨੂੰ ਅੱਗੇ ਵਧਾਉਂਦਾ ਹੈ।

ਫਿਫਥ ਜੈਨਰੇਸ਼ਨ Cascadia ਉੱਨਤ ਸੁਰੱਖਿਆ ਸਿਸਟਮ, ਬਿਜਨੇਸ ਇੰਟੈਲੀਜੈਂਸ ਟੂਲ, ਅਤੇ ਬਿਹਤਰ ਐਰੋਡਾਇਨਾਮਿਕਸ ਪੇਸ਼ ਕਰਨ ਲਈ ਬਣਾਇਆ ਗਿਆ ਹੈ। ਸਾਡੇ ਗਾਹਕਾਂ ਦੀ ਰਾਏ ਸੁਣ ਕੇ ਅਤੇ ਡ੍ਰਾਈਵਰਾਂ ਅਤੇ ਫਲੀਟ ਮੈਨੇਜਰਾਂ ਦੀਆਂ ਲੋੜਾਂ ਨੂੰ ਸਮਝ ਕੇ, ਅਸੀਂ ਅਜਿਹਾ ਟਰੱਕ ਬਣਾਇਆ ਹੈ, ਜੋ ਅੱਜ ਦੀਆਂ ਮੰਗਾਂ ਨੂੰ ਪੂਰਾ ਕਰਦਾ ਹੈ ਅਤੇ ਆਉਣ ਵਾਲੇ ਕੱਲ੍ਹ ਲਈ ਫਲੀਟਾਂ ਤਿਆਰ ਕਰਦਾ ਹੈ।

FREIGHTLINER®

## ਉੱਨਤ ਸੁਰੱਖਿਆ ਸਿਸਟਮ

- **ਐਕਟਿਵ ਬ੍ਰੇਕ ਅਸਿਸਟ 6:** ਆਟੋਮੈਟਿਕ ਐਮਰਜੈਂਸੀ ਬ੍ਰੇਕਾਂ ਮੁਹੱਈਆ ਕਰਨ ਲਈ ਫਿਊਜ਼ਡ ਰਡਾਰ ਅਤੇ ਕੈਮਰਾ ਤਕਨਾਲੋਜੀ ਵਰਤਦਾ ਹੈ। ਐਕਟਿਵ ਬ੍ਰੇਕ ਅਸਿਸਟ 6 ਦੇ ਨਾਲ ਸੁਰੱਖਿਆ ਸਿਸਟਮਾਂ ਦਾ Detroit Assurance® ਸੁਈਟ, ਵੱਧ ਸਥਿਤੀਆਂ ਵਿੱਚ ਹਾਦਸਿਆਂ ਦੀ ਗੰਭੀਰਤਾ ਨੂੰ ਦੂਰ ਕਰਨ ਜਾਂ ਘਟਾਉਣ ਵਿੱਚ ਮਦਦ ਕਰਦਾ ਹੈ, ਜਿਹਨਾਂ ਵਿੱਚ ਸ਼ਾਮਲ ਹਨ, ਮੋੜਾਂ 'ਤੇ ਖੜ੍ਹੇ ਦਿਖਾਈ ਦੇਣ ਵਾਲੇ ਵਾਹਨ, ਨਾਲ ਲੱਗਦੀਆਂ ਲੇਨਾਂ ਵਿੱਚ ਵਾਹਨ, ਨਾਲ ਹੀ ਸੜਕ 'ਤੇ ਖੜ੍ਹੇ ਜਾਂ ਗਤੀਸ਼ੀਲ ਪੈਦਲ ਚੱਲਣ ਵਾਲੇ।
- **ਕ੍ਰੌਸ ਟ੍ਰੈਫਿਕ ਅਸਿਸਟ:** ਚੌਰਾਹਿਆਂ 'ਤੇ ਵਾਧੂ ਸਹਾਇਤਾ ਦਿੰਦੇ ਹੋਏ, ਪਾਰ ਕਰਨ ਵਾਲੇ ਵਾਹਨਾਂ ਨੂੰ ਪਛਾਣਦਾ ਅਤੇ ਟ੍ਰੈਕ ਕਰਦਾ ਹੈ। ਜਦੋਂ ਕੋਈ ਵਾਹਨ ਪੈਸੇਂਜਰ ਜਾਂ ਡ੍ਰਾਈਵਰ ਵਾਲੇ ਪਾਸੇ ਤੋਂ ਟਰੱਕ ਦੇ ਰਸਤੇ ਨੂੰ ਪਾਰ ਕਰ ਰਿਹਾ ਹੋਵੇ, ਤਾਂ ਇਸਦੇ ਪ੍ਰਭਾਵ ਦੀ ਸੰਭਾਵਨਾ ਦੇ ਅਧਾਰ 'ਤੇ ਅੰਸ਼ਕ ਜਾਂ ਫੁਲ ਬ੍ਰੇਕਿੰਗ ਮੁਹੱਈਆ ਕਰਦਾ ਹੈ।
- **ਸਾਈਡ ਗਾਰਡ ਅਲਰਟ 2:** ਡ੍ਰਾਈਵਰਾਂ ਨੂੰ ਕੈਬ ਦੇ ਮੂਹਰਲੇ ਪਾਸੇ ਤੋਂ ਲੈ ਕੇ ਸਟੈਂਡਰਡ ਟ੍ਰੇਲਰ ਦੇ ਅਖੀਰ ਤੱਕ, ਟਰੱਕ ਦੇ ਡ੍ਰਾਈਵਰ ਅਤੇ ਪੈਸੇਂਜਰ ਦੋਵੇਂ ਪਾਸਿਆਂ 'ਤੇ ਵਾਹਨਾਂ, ਪੈਦਲ ਚੱਲਣ ਵਾਲਿਆਂ, ਅਤੇ ਸਾਈਕਲ ਸਵਾਰਾਂ ਬਾਰੇ ਸੁਚੇਤ ਕਰਦਾ ਹੈ।
- **ਐਕਟਿਵ ਲੇਨ ਅਸਿਸਟ 2:** ਲੇਨ ਬਣਾਈ ਰੱਖਣ ਦੀਆਂ ਵਿਸ਼ੇਸ਼ਤਾਵਾਂ ਦਾ ਸੁਈਟ, ਜੋ Freightliner Cascadia ਨੂੰ ਇਸਦੀ ਲੇਨ ਵਿੱਚ ਵਿਚਾਲੇ ਰਹਿਣ ਵਿੱਚ ਮਦਦ ਕਰਦਾ ਹੈ, ਜਿਹਨਾਂ ਲੇਨਾਂ ਵਿੱਚ ਪਹਿਲਾਂ ਹੀ ਵਾਹਨ ਮੌਜੂਦ ਹਨ, ਉਹਨਾਂ ਵਿੱਚ ਲੇਨ ਬਦਲਣ ਤੋਂ ਰੋਕਦਾ ਹੈ, ਅਤੇ ਭਟਕਣ ਨੂੰ ਘਟਾਉਂਦਾ ਹੈ, ਟਾਇਰ ਦੇ ਫਟਣ ਤੋਂ ਬਾਅਦ ਅਤੇ ਘੱਟ-ਗਤੀ 'ਤੇ ਵਾਹਨ ਚਲਾਉਣ ਦੇ ਦੌਰਾਨ, ਪਾਸਿਓਂ ਆਉਣ ਵਾਲੀਆਂ ਤੇਜ਼ ਹਵਾਵਾਂ ਵਿੱਚ ਘਟਾਏ ਗਏ ਕੰਪਨਾਂ ਅਤੇ ਸਟੀਅਰਿੰਗ ਸੰਬੰਧੀ ਸਹਾਇਤਾ ਦੁਆਰਾ ਡ੍ਰਾਈਵਰ ਦੇ ਅਰਾਮ ਨੂੰ ਵਧਾਉਂਦਾ ਹੈ।
- **ਐਕਟਿਵ ਸਾਈਡ ਗਾਰਡ ਅਸਿਸਟ 2:** ਆਤਮਵਿਸ਼ਵਾਸ਼ ਵਧਾਉਣ ਲਈ ਖੱਬੇ ਅਤੇ ਸੱਜੇ ਦੋਵੇਂ ਪਾਸੇ ਦੇ ਮੋੜਾਂ 'ਤੇ ਸਰਗਰਮ ਬ੍ਰੇਕਾਂ ਮੁਹੱਈਆ ਕਰਦਾ ਹੈ। ਖੱਬੇ ਮੋੜਨ ਵੇਲੇ, ਜੇਕਰ ਆਉਣ ਵਾਲੇ ਟ੍ਰੈਫਿਕ ਨਾਲ ਟੱਕਰ ਦੀ ਸੰਭਾਵਨਾ ਹੋਵੇ ਤਾਂ ਸਿਸਟਮ ਦਖਲ ਦਿੰਦਾ ਹੈ। ਸੱਜੇ ਮੋੜਾਂ ਦੇ ਦੌਰਾਨ, ਇਹ ਪੈਸੇਂਜਰ ਵਾਲੇ ਪਾਸੇ ਬਲਾਈਂਡ ਸਪੌਟਸ 'ਤੇ ਨਜ਼ਰ ਰੱਖਦਾ ਹੈ, ਅਤੇ ਜੇਕਰ ਸਿਸਟਮ ਨੂੰ ਮੋੜ ਦੇ ਦੌਰਾਨ ਟਰੱਕ ਦੇ ਰਸਤੇ ਵਿੱਚ ਕਿਸੇ ਪੈਦਲ ਚੱਲਣ ਵਾਲੇ ਜਾਂ ਸਾਈਕਲ ਸਵਾਰ ਦਾ ਪਤਾ ਲੱਗਦਾ ਹੈ, ਤਾਂ ਆਟੋਮੈਟਿਕ ਬ੍ਰੇਕ ਲਗਾਵੇਗਾ।
- **ਇੰਟੈਲੀਜੈਂਟ ਬ੍ਰੇਕਿੰਗ ਕੰਟ੍ਰੋਲ ਸਿਸਟਮ:** ਬ੍ਰੇਕ ਪੈਡ ਦੀ ਵਧੀ ਹੋਈ ਉਮਰ ਪੇਸ਼ ਕਰਨ ਦੇ ਨਾਲ-ਨਾਲ ਸੁਧਾਰੀ ਗਈ ਬ੍ਰੇਕਿੰਗ ਲਈ ਬ੍ਰੇਕ-ਬਾਇ-ਵਾਇਰ ਤਕਨਾਲੋਜੀ ਅਤੇ ਨਿਊਮੈਟਿਕਸ ਨੂੰ ਜੋੜਦਾ ਹੈ।

## ਬਿਜਨੇਸ ਇੰਟੈਲੀਜੈਂਸ ਅਤੇ ਕਨੈਕਟੀਵਿਟੀ

- **ਰਿਮੋਟ ਲੌਕ / ਅਨਲੌਕ:** ਇਹ ਫਲੀਟ ਮੈਨੇਜਰਾਂ ਨੂੰ ਦੂਰੋਂ ਵਾਹਨਾਂ ਨੂੰ ਲੌਕ ਜਾਂ ਅਨਲੌਕ ਕਰਨ ਦੀ ਸਮਰੱਥਾ ਦਿੰਦਾ ਹੈ, ਜਿਸ ਨਾਲ ਸੜਕ ਕਿਨਾਰੇ 'ਤੇ ਸਹਾਇਤਾ ਦਾ ਖ਼ਰਚਾ ਘਟਦਾ ਹੈ।
- **ਜਿਓਫੈਂਸ:** ਜਦੋਂ ਟਰੱਕ ਲੋੜ ਮੁਤਾਬਕ ਤੈਅ ਕੀਤੇ ਖੇਤਰਾਂ ਵਿੱਚ ਦਾਖ਼ਲ ਹੁੰਦੇ ਹਨ ਜਾਂ ਉੱਥੋਂ ਨਿੱਕਲਦੇ ਹਨ ਤਾਂ ਸੂਚਨਾਵਾਂ ਦਿੰਦਾ ਹੈ।
- **PLATFORM SCIENCE VIRTUAL VEHICLE™ ਲਈ ਗੇਟਵੇਅ ਦੇ ਨਾਲ DIGITAL DASH*:** ਡ੍ਰਾਈਵਰਾਂ ਨੂੰ ਨੈਵੀਗੇਸ਼ਨ, ਐਪਾਂ, ਅਤੇ ਵਾਹਨ ਨਿਯੰਤ੍ਰਣਾਂ ਤੱਕ ਅਸਾਨ ਪਹੁੰਚ ਦੇ ਯੋਗ ਬਣਾਉਂਦਾ ਹੈ, ਜਿਸ ਨਾਲ ਕਨੈਕਟੀਵਿਟੀ ਅਤੇ ਫੋਕਸ ਬਿਹਤਰ ਹੁੰਦਾ ਹੈ। ਵਿਸ਼ੇਸ਼ਤਾਵਾਂ ਵਿੱਚ ਸ਼ਾਮਲ ਹਨ, ਵੱਡਾ 12" B ਪੈਨਲ ਡਿਸਪਲੇ, ਵਾਇਰਲੈਸ Apple CarPlay® ਅਤੇ Android Auto™.

## ਬਿਹਤਰ ਐਰੋਡਾਇਨਾਮਿਕਸ ਅਤੇ ਕੁਸ਼ਲਤਾ

- **ਫਿਊਲ ਕੁਸ਼ਲਤਾ:** ਐਰੋਡਾਇਨਾਮਿਕਸ ਸੁਧਾਰਾਂ ਵਿੱਚ ਸ਼ਾਮਲ ਹਨ, ਦੁਬਾਰਾ ਡਿਜ਼ਾਈਨ ਕੀਤਾ ਗਿਆ ਹੁੱਡ, A-ਪਿੱਲਰ ਡਿਫਲੈਕਟਰ, ਅਤੇ ਅਨੁਕੂਲ ਬਣਾਏ ਗਏ ਹਵਾ ਪ੍ਰਵਾਹ ਸਿਸਟਮ, ਜਿਵੇਂ ਬੰਪਰ ਏਅਰ ਡਕਟ ਅਤੇ ਹੁੱਡ-ਟੂ-ਬੰਪਰ ਸੀਲਾਂ।
- **ਇੰਜਣ ਵਿਕਲਪ*:** Detroit Gen 6 DD13® ਅਤੇ DD15® ਜਾਂ Cummins X15 ਅਤੇ X15N ਕੁਦਰਤੀ ਗੈਸ ਇੰਜਣਾਂ ਨਾਲ ਉਪਲਬਧ, ਜੋ 500 HP ਅਤੇ 1,900 lb-ft ਤੱਕ ਟਾਰਕ ਦਿੰਦੇ ਹਨ।

*2027 ਤੋਂ ਉਪਲਬਧ

*Detroit Assurance ਸੁਰੱਖਿਆ ਸਿਸਟਮ, ਜਿਹਨਾਂ ਵਿੱਚ ABA6 ਅਤੇ ਇਸ ਨਾਲ ਸੰਬੰਧਿਤ ਹੋਰ ਵਿਸ਼ੇਸ਼ਤਾਵਾਂ ਹਨ, ਡ੍ਰਾਈਵਰ ਨੂੰ ਚਿਤਾਵਨੀਆਂ ਅਤੇ ਟੀਚਾਗਤ ਸਿਸਟਮ ਪ੍ਰਤਿਕਿਰਿਆਵਾਂ ਰਾਹੀਂ ਨਿਸ਼ਚਿਤ ਟੱਕਰ ਦੀਆਂ ਸਥਿਤੀਆਂ ਨੂੰ ਘਟਾਉਣ ਵਿੱਚ ਮਦਦ ਲਈ ਤਿਆਰ ਕੀਤੇ ਗਏ ਹਨ, ਡ੍ਰਾਈਵਰ ਦੇ ਨਿਰਣੇ ਜਾਂ ਜ਼ਿੰਮੇਵਾਰੀ ਦੀ ਜਗ੍ਹਾ ਲੈਣ ਵਾਸਤੇ ਨਹੀਂ।*

# FREIGHTLINER CASCADIA

## ਸਟੈਂਡਰਡ ਵਿਸ਼ੇਸ਼ਤਾਵਾਂ

### ਸੁਰੱਖਿਆ ਸਿਸਟਮਾਂ ਦੇ ਐਕਟਿਵ ਬ੍ਰੇਕ ਅਸਿਸਟ 6 ਸੂਈਟ ਦੇ ਨਾਲ DETROIT ASSURANCE

- ਐਕਟਿਵ ਬ੍ਰੇਕ ਅਸਿਸਟ 6
  - ਚਲਦੇ ਅਤੇ ਖੜ੍ਹੇ ਵਾਹਨਾਂ, ਥੋੜ੍ਹੇ ਕਿਨਾਰੇ 'ਤੇ ਚੱਲਣ ਵਾਲੇ ਵਾਹਨਾਂ ਅਤੇ ਤਿਰਛੇ ਖੜ੍ਹੇ ਵਾਹਨਾਂ, ਮੋੜਾਂ ਜਾਂ ਮਲਟੀਪਲ-ਲੇਨਾਂ ਵਿੱਚ ਦਿੱਸਣਯੋਗ ਵਾਹਨਾਂ, ਅਤੇ ਚਲਦੇ ਅਤੇ ਖੜ੍ਹੇ ਪੈਦਲ ਚੱਲਣ ਵਾਲਿਆਂ ਅਤੇ ਸਾਈਕਲ ਸਵਾਰਾਂ ਲਈ ਪੂਰੀ ਤਰ੍ਹਾਂ ਆਟੋਮੈਟਿਕ ਐਮਰਜੈਂਸੀ ਬ੍ਰੇਕਿੰਗ।
- ਕ੍ਰੌਸ ਟ੍ਰੈਫਿਕ ਅਸਿਸਟ
- ਐਕਟਿਵ ਸਾਈਡ ਗਾਰਡ ਅਸਿਸਟ 2
- 0 MPH ਤੱਕ ਅਡੈਪਟਿਵ ਕ੍ਰੂਜ਼ ਕੰਟ੍ਰੋਲ
- ਸਾਈਡ ਗਾਰਡ ਅਲਰਟ 2
- ਫ੍ਰੰਟ ਗਾਰਡ ਅਲਰਟ
- ਲੇਨ ਡਿਪਾਰਚਰ ਚਿਤਾਵਨੀ
- ਟ੍ਰੈਫਿਕ ਸੰਕੇਤ ਡਿਸਪਲੇ
- ਪਿੱਛੇ ਤੋਂ ਘੱਟ ਦੂਰੀ ਦੀ ਚਿਤਾਵਨੀ
- ਅੱਗੇ ਵੱਲ ਦੇਖਣ ਵਾਲਾ ਕੈਮਰਾ
- ਆਟੋਮੈਟਿਕ ਵਾਈਪਰ/ਹੈੱਡਲੈਂਪ
- ਇੰਟੈਲੀਜੈਂਟ ਹਾਈ ਬੀਮ

### ਡ੍ਰਾਈਵਟ੍ਰੇਨ ਅਤੇ ਸੰਬੰਧਿਤ ਕੰਪੋਨੈਂਟ

- Detroit Gen 6 DD13 ਇੰਜਣ (116" BBC Cascadia)*
- Detroit Gen 6 DD15 ਇੰਜਣ (126" BBC Cascadia)*
- Detroit DT12 ਔਨ-ਹਾਈਵੇ ਸੀਰੀਜ਼ ਆਟੋਮੈਟਿਡ ਮੈਨੂਅਲ ਟ੍ਰਾਂਸਮਿਸ਼ਨ
- 2027-ਅਨੁਕੂਲ ਆਫਟਰਟ੍ਰੀਟਮੈਂਟ ਤਕਨਾਲੋਜੀ
- Detroit 12k ਸਟੀਅਰ ਐਕਸਲ
- Detroit 23K ਸਿੰਗਲ ਰੀਅਰ ਅਤੇ ਐਕਸਲ ਲਿਊਬ ਮੈਨੇਜਮੈਂਟ 2.0 ਦੇ ਨਾਲ 40K ਟੈਂਡਮ ਰੀਅਰ ਐਕਸਲ
- ਸਪੀਡ ਅਤੇ ਕਰਵ ਅਸਿਸਟ ਦੇ ਨਾਲ ਇੰਟੈਲੀਜੈਂਟ ਪਾਵਰਟ੍ਰੇਨ ਮੈਨੇਜਮੈਂਟ
- ਪੌਜ਼ਿਟਿਵ ਪੈਡ ਰਿਟ੍ਰੈਕਸ਼ਨ ਦੇ ਨਾਲ Meritor ਏਅਰ ਡਿਸਕ ਬ੍ਰੇਕਾਂ
- TRW ਸਿੰਗਲ THP-60 ਪਾਵਰ ਸਟੀਅਰਿੰਗ ਗੀਅਰ
- 50-ਡਿਗਰੀ ਤੱਕ ਵ੍ਹੀਲ ਕਟ

## ਵਿਕਲਪਿਕ ਵਿਸ਼ੇਸ਼ਤਾਵਾਂ

### ਡ੍ਰਾਈਵਟ੍ਰੇਨ ਅਤੇ ਸੰਬੰਧਿਤ ਕੰਪੋਨੈਂਟ

- Cummins X15 ਅਤੇ X15N ਇੰਜਣ*
- Detroit, Meritor ਅਤੇ Hendrickson ਵੱਲੋਂ 14.7k ਤੱਕ ਦੇ ਮੂਹਰਲੇ ਐਕਸਲ
- Detroit ਅਤੇ Meritor ਵੱਲੋਂ 46K ਤੱਕ ਦੇ ਪਿਛਲੇ ਐਕਸਲ
- Freightliner ਅਤੇ Hendrickson ਸਸਪੈਨਸ਼ਨ
- ਸਟੀਅਰ ਅਤੇ ਡ੍ਰਾਈਵ ਐਕਸਲਾਂ ਲਈ Wabco and Bendix™ ਏਅਰ ਡਿਸਕ ਬ੍ਰੇਕਾਂ
- ਚੌੜੇ ਬੇਸ ਵਾਲੇ ਇੱਕੋ ਵ੍ਹੀਲ ਅਤੇ ਟਾਇਰ ਦੇ ਵਿਕਲਪ

### ਸੁਰੱਖਿਆ ਸਿਸਟਮਾਂ ਦੇ ABA6 ਸੂਈਟ ਦੇ ਨਾਲ DETROIT ASSURANCE

- ਐਕਟਿਵ ਲੇਨ ਅਸਿਸਟ 2
- ਸਿਰਫ਼ ਚਿਤਾਵਨੀਆਂ ਵਾਲਾ ਟ੍ਰੈਫਿਕ ਸੰਕੇਤ ਡਿਸਪਲੇ
- ਐਕਟਿਵ ਸਪੀਡ ਇੰਟਰਵੈਨਸ਼ਨ

### ਸੁਰੱਖਿਆ

- MirrorCam ਸਿਸਟਮ
- ਸਲੀਪਰ ਵਿੱਚ ਸੇਫਟੀ ਪੈਨਿਕ ਬਟਨ
- LifeGuard RollTek® ਡ੍ਰਾਈਵਰ ਅਤੇ ਸਵਾਰੀ ਲਈ ਵਾਹਨ ਪਲਟਣ ਦੇ ਦੌਰਾਨ ਸੁਰੱਖਿਆ ਅਤੇ ਸੀਟ 'ਤੇ ਲੱਗਿਆ ਏਅਰਬੈਗ ਸਿਸਟਮ
- ਡ੍ਰਾਈਵਰ ਦਾ ਸਪਲੀਮੈਂਟਲ ਰਿਸਟ੍ਰੇਨਟ ਸਿਸਟਮ ਸਟੀਅਰਿੰਗ ਵ੍ਹੀਲ ਏਅਰਬੈਗ

*2027 ਤੋਂ ਉਪਲਬਧ

Freightliner EPA, CARB ਨਿਕਾਸੀਆਂ, GHG ਅਤੇ OBD ਲੋੜਾਂ ਦੇ ਮੁਤਾਬਕ ਕਈ ਤਰ੍ਹਾਂ ਦੇ ਉਤਪਾਦ ਮੁਹੱਈਆ ਕਰਦਾ ਹੈ।
ਕਿਰਪਾ ਕਰਕੇ ਉਤਪਾਦ ਦੀ ਅਜਿਹੀ ਚੋਣ ਨੂੰ ਯਕੀਨੀ ਬਣਾਉਣ ਲਈ, ਜੋ ਤੁਹਾਡੀਆਂ ਖਾਸ ਲੋੜਾਂ ਨੂੰ ਪੂਰਾ ਕਰਦੀ ਹੋਵੇ, ਆਪਣੇ ਸਥਾਨਕ ਡੀਲਰ ਨਾਲ ਮਸ਼ਵਰਾ ਕਰੋ।

## ਕੈਬ ਕੌਂਫਿਗਰੇਸ਼ਨਾਂ



ਡੇ ਕੈਬ – 116", 126" BBC



ਸਲੀਪਰ ਕੈਬ ਮਿਡ-ਰੂਫ XT – 116", 126" BBC 48", 60", 72"



ਸਲੀਪਰ ਕੈਬ ਰੇਜ਼ਡ ਰੂਫ – 116", 126" BBC 60", 72"

**ਵਧੇਰੇ ਜਾਣਨ ਲਈ ਸਕੈਨ ਕਰੋ ਜਾਂ**
**FREIGHTLINER.COM/TRUCKS/CASCADIA 'ਤੇ ਜਾਓ**

FTL-EMC-BRO-P128-0626 545, 6/26. Freightliner Trucks ISO 50001:2018, ISO9001:2015 ਅਤੇ ISO 14001:2015 ਹੇਠ ਰਜਿਸਟਰ ਕੀਤੇ ਹੋਏ ਹਨ। ਤਕਨੀਕੀ ਵੇਰਵੇ ਬਿਨਾਂ ਨੋਟਿਸ ਦੇ ਬਦਲ ਸਕਦੇ ਹਨ। ਕਾਪੀਰਾਈਟ © 2026 Daimler Truck North America LLC. ਸਾਰੇ ਹੱਕ ਰਾਖਵੇਂ ਹਨ। Freightliner Trucks, ਇੱਕ Daimler Truck ਕੰਪਨੀ, Daimler Truck North America LLC ਦੀ ਡਿਵੀਜ਼ਨ ਹੈ।